Punjab Vigilance Bureau

# Vigilance arrests Senior Intelligence Assistant of Intelligence wing for taking bribe of Rs. Three Lakh

Chandigarh, February 9:

The Punjab Vigilance Bureau today arrested Senior Intelligence Assistant of Intelligence wing of Punjab Police presently posted at CID Unit, Ludhiana for taking bribe of Rs. 3,00,000 for stalling the Vigilance enquiry.

Disclosing this here today, DGP-cum-Chief Director Vigilance Bureau B.K.Uppal said that Senior Intelligence Assistant Satpal, posted at Intelligence Wing, Jalandhar (No. 2736/INT) has been arrested by the Vigilance team for accepting bribe of Rs.3,00,000 **from the partners of J.S.K. Logistics for stalling the vigilance enquiry.**

Giving details of this case he further informed that three partners are running the J.S.K. Logistics company at Jalandhar. Vigilance team raided the J.S.K. Logistics for arresting the Kailash Chand Sharma in some case. In this case, Senior Intelligence Assistant Satpal has very smartly pretended to be a Vigilance official and having links with senior officers of VB has demanded Rs. 3,00,000 from the other partner Sandeep Sharma of J.S.K. Logistics for helping and stalling this vigilance enquiry.

He further revealed that fearing from the VB enquiry, partner of J.S.K. Logistics has given Rs. 3,00,000 as bribe to Senior Intelligence Assistant Satpal in the presence of his worker Rajender Luthara at the gate of transport Nagar, Jalandhar. He added that the accused Senior Intelligence Assistant was known to this enquiry and needed to carry out further investigation of this case. Taking the advantage, Satpal has accepted Rs. 3,00,000 in the presence of witness Rajender Luthara. In this way, Senior Intelligence Assistant Satpal misused his official position and falsely pretended as VB official which has been established.

He informed that a case under Prevention of Corruption Act, and Section 419 of IPC has been registered against the accused Intelligence Assistant at VB Police station, Jalandhar and further investigation was under progress.

------------

ਪੰਜਾਬ ਵਿਜੀਲੈਂਸ ਬਿਊਰੋ

# ਵਿਜੀਲੈਂਸ ਵੱਲੋਂ 3 ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਮਾਮਲੇ ਵਿੱਚ ਇੰਟੈਲੀਜੈਂਸ ਵਿੰਗ ਦਾ ਸੀਨੀਅਰ ਇੰਟੈਲੀਜੈਂਸ ਸਹਾਇਕ ਗ੍ਰਿਫ਼ਤਾਰ

ਚੰਡੀਗੜ੍ਹ, 9 ਫਰਵਰੀ : ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਅੱਜ ਪੰਜਾਬ ਪੁਲਿਸ ਦੇ ਇੰਟੈਲੀਜੈਂਸ ਵਿੰਗ ਦੇ ਸੀਨੀਅਰ ਇੰਟੈਲੀਜੈਂਸ ਸਹਾਇਕ, ਜੋ ਮੌਜੂਦਾ ਸਮੇਂ ਸੀ.ਆਈ.ਡੀ. ਇਕਾਈ, ਲੁਧਿਆਣਾ ਵਿਖੇ ਤਾਇਨਾਤ ਹੈ, ਨੂੰ ਇੱਕ ਕੇਸ ਵਿੱਚ ਵਿਜੀਲੈਂਸ ਜਾਂਚ ਰੁਕਵਾਉਣ ਦੇ ਨਾਮ ਹੇਠ ਤਿੰਨ ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਹੈ।

ਇਹ ਸਬੰਧੀ ਜਾਣਕਾਰੀ ਦਿੰਦਿਆਂ ਡੀਜੀਪੀ-ਕਮ-ਚੀਫ ਡਾਇਰੈਕਟਰ ਵਿਜੀਲੈਂਸ ਬਿਊਰੋ ਸ੍ਰੀ ਬੀ.ਕੇ. ਉੱਪਲ ਨੇ ਦੱਸਿਆ ਕਿ ਵਿਜੀਲੈਂਸ ਟੀਮ ਨੇ ਇੰਟੈਲੀਜੈਂਸ ਵਿੰਗ, ਜਲੰਧਰ ਵਿਖੇ ਤਾਇਨਾਤ ਸੀਨੀਅਰ ਇੰਟੈਲੀਜੈਂਸ ਸਹਾਇਕ ਸੱਤਪਾਲ (ਨੰਬਰ 2736 / ਇੰਟੈਲਿਜੈਂਸ) ਨੂੰ, ਜੇ.ਐਸ.ਕੇ. ਲੌਜਿਸਟਿਕਸ ਨਾਮੀ ਫਰਮ ਦੇ ਭਾਈਵਾਲਾਂ ਤੋਂ ਉਨਾਂ ਖਿਲਾਫ ਚਲਦੀ ਵਿਜੀਲੈਂਸ ਜਾਂਚ ਰੁਕਵਾਉਣ ਦਾ ਲਾਰਾ ਲਾ ਕੇ ਤਿੰਨ ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਹੈ।

ਇਸ ਕੇਸ ਦੇ ਵੇਰਵੇ ਦਿੰਦਿਆਂ ਉਨ੍ਹਾਂ ਅੱਗੇ ਦੱਸਿਆ ਕਿ ਤਿੰਨ ਭਾਈਵਾਲ ਜਲੰਧਰ ਵਿਖੇ ਜੇ.ਐਸ.ਕੇ. ਲੌਜਿਸਟਿਕਸ ਕੰਪਨੀ ਚਲਾ ਰਹੇ ਹਨ। ਵਿਜੀਲੈਂਸ ਦੀ ਟੀਮ ਨੇ ਕਿਸੇ ਮਾਮਲੇ ਵਿੱਚ ਫਰਮ ਦੇ ਭਾਈਵਾਲ ਕੈਲਾਸ਼ ਚੰਦ ਸ਼ਰਮਾ ਨੂੰ ਗ੍ਰਿਫ਼ਤਾਰ ਕਰਨ ਲਈ ਜੇ.ਐਸ.ਕੇ. ਲੌਜਿਸਟਿਕਸ ਵਿਖੇ ਛਾਪਾ ਮਾਰਿਆ ਸੀ। ਇਸ ਮਾਮਲੇ ਵਿੱਚ, ਸੀਨੀਅਰ ਇੰਟੈਲੀਜੈਂਸ ਸਹਾਇਕ ਸੱਤਪਾਲ ਨੇ ਬੜੀ ਚਲਾਕੀ ਨਾਲ ਵਿਜੀਲੈਂਸ ਦਾ ਅਧਿਕਾਰੀ ਹੋਣ ਅਤੇ ਵਿਜੀਲੈਂਸ ਬਿਊਰੋ ਦੇ ਸੀਨੀਅਰ ਅਧਿਕਾਰੀਆਂ ਨਾਲ ਸਬੰਧ ਹੋਣ ਦਾ ਵਿਖਾਵਾ ਕੀਤਾ ਅਤੇ ਵਿਜੀਲੈਂਜ ਜਾਂਚ ਰੁਕਵਾਉਣ ਅਤੇ ਇਸ ਮਾਮਲੇ ਵਿੱਚ ਸਹਾਇਤਾ ਕਰਨ ਲਈ ਜੇ.ਐਸ.ਕੇ. ਲੌਜਿਸਟਿਕਸ ਦੇ ਦੂਸਰੇ ਭਾਈਵਾਲ ਸੰਦੀਪ ਸਰਮਾ ਤੋਂ 3,00,000 ਰੁਪਏ ਦੀ ਮੰਗ ਕੀਤੀ।

ਉਨ੍ਹਾਂ ਅੱਗੇ ਦੱਸਿਆ ਕਿ ਵਿਜੀਲੈਂਸ ਬਿਊਰੋ ਦੀ ਜਾਂਚ ਤੋਂ ਡਰਦਿਆਂ ਜੇ.ਐਸ.ਕੇ. ਲੌਜਿਸਟਿਕਸ ਦੇ ਭਾਈਵਾਲ ਨੇ ਟਰਾਂਸਪੋਰਟ ਨਗਰ, ਜਲੰਧਰ ਦੇ ਗੇਟ ’ਤੇ ਆਪਣੇ ਕੋਲ ਕੰਮ ਕਰਦੇ ਕਰਮਚਾਰੀ ਰਾਜੇਂਦਰ ਲੁਥਰਾ ਦੀ ਮੌਜੂਦਗੀ ਵਿੱਚ ਸੀਨੀਅਰ ਇੰਟੈਲੀਜੈਂਸ ਸਹਾਇਕ ਸਤਪਾਲ ਨੂੰ 3,00,000 ਦੀ ਰਿਸ਼ਵਤ ਦਿੱਤੀ। ਉਨ੍ਹਾਂ ਅੱਗੇ ਕਿਹਾ ਕਿ ਦੋਸ਼ੀ ਸੀਨੀਅਰ ਇੰਟੈਲੀਜੈਂਸ ਸਹਾਇਕ ਨੂੰ ਇਸ ਜਾਂਚ ਬਾਰੇ ਜਾਣਕਾਰੀ ਸੀ ਕਿ ਬਿਉਰੋ ਨੇ ਇਸ ਮਾਮਲੇ ਦੀ ਅੱਗੇ ਜਾਂਚ-ਪੜਤਾਲ ਕਰਨੀ ਸੀ। ਇਸ ਦਾ ਲਾਭ ਉਠਾਉਂਦਿਆਂ ਸੱਤਪਾਲ ਨੇ ਗਵਾਹ ਰਾਜੇਂਦਰ ਲੁਥਰਾ ਦੀ ਮੌਜੂਦਗੀ ਵਿਚ 3,00,000 ਰੁਪਏ ਦੀ ਰਿਸ਼ਵਤ ਲਈ।ਇਸ ਤਰ੍ਹਾਂ, ਸੀਨੀਅਰ ਇੰਟੈਲੀਜੈਂਸ ਸਹਾਇਕ ਸਤਪਾਲ ਨੇ ਆਪਣੇ ਸਰਕਾਰੀ ਅਹੁਦੇ ਦੀ ਦੁਰਵਰਤੋਂ ਕੀਤੀ ਅਤੇ ਵਿਜੀਲੈਂਸ ਬਿਊਰੋ ਦਾ ਅਧਿਕਾਰੀ ਹੋਣ ਦਾ ਝੂਠਾ ਦਿਖਾਵਾ ਕੀਤਾ, ਜੋ ਜਾਂਚ ਵਿਚ ਸਾਬਿਤ ਹੋ ਗਿਆ ਹੈ।

ਉਨ੍ਹਾਂ ਦੱਸਿਆ ਕਿ ਦੋਸ਼ੀ ਇੰਟੈਲੀਜੈਂਸ ਸਹਾਇਤਕ ਖਿਲਾਫ ਵਿਜੀਲੈਂਸ ਬਿਊਰੋ ਦੇ ਪੁਲਿਸ ਥਾਣਾ, ਜਲੰਧਰ ਵਿਖੇ ਭ੍ਰਿਸਟਾਚਾਰ ਰੋਕੂ ਐਕਟ ਅਤੇ ਆਈਪੀਸੀ ਦੀ ਧਾਰਾ 419 ਤਹਿਤ ਕੇਸ ਦਰਜ ਕੀਤਾ ਗਿਆ ਹੈ ਅਤੇ ਅਗਲੇਰੀ ਜਾਂਚ ਜਾਰੀ ਹੈ।

------